**ਡਿਪਟੀ ਕਮਿਸ਼ਨਰ ਨੇ ਜ਼ਿਲ•ਾ ਤਰਨਤਾਰਨ ਦੇ 165 ਤੰਬਾਕੂ ਮੁਕਤ ਹੋਏ ਪਿੰਡਾਂ ਦੇ ਸਰਪੰਚਾਂ ਨੂੰ ਵੰਡੇ ਸਨਮਾਨ ਪੱਤਰ**

**¬ ਜ਼ਿਲੇ• ਵਿੱਚੋਂ ਨਸ਼ਿਆਂ ਨੂੰ ਜੜ• ਤੋਂ ਖਤਮ ਕਰਨਾ ਹੀ ਉਹਨਾਂ ਦਾ ਮੁੱਖ ਟੀਚਾ-ਸੱਭਰਵਾਲ**

ਤਰਨਤਾਰਨ, 10 ਅਗਸਤ :

ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਅੱਜ ਪੇਂਡੂ ਵਿਕਾਸ ਭਵਨ ਵਿਖੇ ਕਰਵਾਏ ਗਏ ਵਿਸ਼ੇਸ ਪ੍ਰੋਗਰਾਮ ਦੌਰਾਨ ਜ਼ਿਲ•ਾ ਤਰਨਤਾਰਨ ਦੇ 165 ਤੰਬਾਕੂ ਮੁਕਤ ਹੋਏ ਪਿੰਡਾਂ ਦੇ ਸਰਪੰਚਾਂ ਨੂੰ ਸਨਮਾਨ ਪੱਤਰ ਵੰਡੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਪ੍ਰੋ. ਰਾਕੇਸ਼ ਕੁਮਾਰ, ਸਿਵਲ ਸਰਜਨ ਤਰਨਤਾਰਨ ਡਾ. ਸਮਸ਼ੇਰ ਸਿੰਘ, ਜ਼ਿਲ•ਾ ਸਿਹਤ ਅਫ਼ਸਰ, ਡਾ. ਅਜੀਤ ਸਿੰਘ ਐੱਸ. ਐੱਮ. ਓ. ਸਰਹਾਲੀ, ਡਾ. ਰੋਹਿਤ ਮਹਿਤਾ ਮੀਆਂਵਿੰਡ,  ਡਾ. ਪਵਨ ਅਗਰਵਾਲ ਐੱਸ. ਐੱਮ. ਓ. ਕੈਂਰੋਂ ਅਤੇ ਡਾ. ਦਲੀਪ ਕੁਮਾਰ ਐੱਸ. ਐੱਮ. ਓ. ਕਸੇਲ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਪੰਚ ਤੇ ਸਰਪੰਚ ਵੀ ਹਾਜ਼ਰ ਸਨ।







ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਦੱਸਿਆ ਕਿ ਜ਼ਿਲ•ਾ ਤਰਨਤਾਰਨ ਪੰਜਾਬ ਭਰ 'ਚੋ ਪਹਿਲੇ ਨੰਬਰ 'ਤੇ ਹੈ, ਜਿਸ ਵਿੱਚੋਂ 165 ਪੰਚਾਇਤਾਂ ਤੰਬਾਕੂ ਮੁਕਤ ਹੋਈਆ ਹਨ। ਉਹਨਾਂ ਦੱਸਿਆ ਕਿ ਜ਼ਿਲ•ਾ ਤਰਨਤਾਰਨ ਦੇ ਕੁੱਲ 549 ਪਿੰਡਾਂ ਵਿੱਚੋਂ ਬਾਕੀ ਰਹਿੰਦੇ ਪਿੰਡਾਂ ਨੂੰ ਵੀ ਜਲਦੀ ਤੋਂ ਜਲਦੀ ਤੰਬਾਕੂ ਮੁਕਤ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਦੇਸ਼ ਭਰ ਵਿੱਚੋਂ ਤੰਬਾਕੂਨੋਸ਼ੀ ਕਰਨ ਵਾਲੇ ਲੱਗਭੱਗ 2200 ਵਿਅਕਤੀ ਰੋਜ਼ਾਨਾ ਮੌਤ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਕਿਹਾ ਕਿ ਤੰਬਾਕੂਨੋਸ਼ੀ ਕਰਨਾ ਬਹੁਤ ਹੀ ਮਾੜੀ ਆਦਤ ਹੈ, ਜਿਸ ਨਾਲ ਬਹੁਤ ਹੀ ਭਿਆਨਕ ਬਿਮਾਰੀਆਂ, ਜਿਵੇਂ ਮੂੰਹ ਦਾ ਕੈਂਸਰ, ਫੇਫੜਿਆਂ ਦੀਆਂ ਬਿਮਾਰੀਆਂ ਅਤੇ ਸ਼ਾਹ ਦੀਆਂ ਬਿਮਾਰੀਆਂ ਆਦਿ ਹੁੰਦੀਆਂ ਹਨ।

ਉਹਨਾਂ ਕਿਹਾ ਕਿ ਜ਼ਿਲੇ• ਵਿੱਚੋਂ ਨਸ਼ਿਆਂ ਨੂੰ ਜੜ• ਤੋਂ ਖਤਮ ਕਰਨਾ ਉਹਨਾਂ ਦਾ ਮੁੱਖ ਟੀਚਾ ਹੈ। ਇਸ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਆਪਕ ਪ੍ਰੋਗਰਾਮ ਉਲੀਕੇ ਗਏ ਹਨ। ਉਹਨਾਂ ਕਿਹਾ ਜ਼ਿਲ•ਾ ਪ੍ਰਸ਼ਾਸਨ ਵੱਲੋਂ 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ 328 ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ 656 ਅਧਿਆਪਕਾਂ ਨੂੰ ਵਿਸ਼ੇਸ ਸੈਮੀਨਾਰਾਂ ਰਾਹੀਂ ਟਰੇਂਡ ਕੀਤਾ ਕਿਹਾ ਹੈ। ਉਹਨਾਂ ਕਿਹਾ ਕਿ ਅਧਿਆਪਕਾਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਹਰ ਰੋਜ਼ ਸਵੇਰ ਦੀ ਸਭਾ ਵਿੱਚ 10 ਮਿੰਟ ਲਈ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਨਤੀਜਿਆਂ ਪ੍ਰਤੀ ਜਗਰੂਕ ਕਰਨ ਤਾਂ ਜੋ ਉਹ ਅੱਗੇ ਜਾ ਕੇ ਆਪਣੇ ਆਸ-ਪਾਸ ਦੇ ਹੋਰ ਲੋਕਾਂ ਨੂੰ ਇਹਨਾਂ ਪ੍ਰਤੀ ਜਾਗਰੂਕ ਕਰ ਸਕਣ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਬਲਾਕ ਪੱਧਰ ਅਤੇ ਪਿੰਡ ਪੱਧਰ 'ਤੇ ਵੀ ਜਾਗਰੂਕਤਾ ਪ੍ਰਗਰਾਮ ਕਰਵਾਏ ਜਾ ਰਹੇ ਹਨ।